**ਅੱਠਵੀਂ**

# ਖੇਤੀਬਾੜੀ (ਲਿਖਤੀ)

## ਨਮੂਨਾ ਪ੍ਰਸ਼ਨ ਪੱਤਰ

**ਸਮਾਂ : $2\frac{1}{2}$ ਘੰਟੇ** **ਕੁੱਲ ਅੰਕ : 50**

ਨੋਟ : ਸਾਰੇ ਪ੍ਰਸ਼ਨ ਜ਼ਰੂਰੀ ਹਨ ।

**ਭਾਗ - I**

**1. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਦੀ ਚੋਣ ਕਰੋ:**

(i) ਹਰੀ ਖਾਦ ਲਈ ਕਿਹੜੀ ਫ਼ਸਲ ਬੀਜੀ ਜਾਂਦੀ ਹੈ ?

(ੳ) ਜੰਤਰ (ਅ) ਝੋਨਾ (ੲ) ਨਰਮਾ (ਸ) ਕਣਕ **1**

(ii) ਸਰਦੀ ਰੁੱਤ ਦਾ ਫੁੱਲ ਕਿਹੜਾ ਹੈ ?

(ੳ) ਸੂਰਜਮੁੱਖੀ (ਅ) ਜ਼ੀਨੀਆ (ੲ) ਕੋਚੀਆ (ਸ) ਬਰਫ **1**

(iii) ਸੂਰਜੀ ਊਰਜਾ ਨਾਲ਼ ਫ਼ਲਾਂ ਅਤੇ ਸਬਜ਼ੀਆਂ ਨੂੰ ਸੁਕਾਉਣ ਲਈ ਕਿਹੜੇ ਯੰਤਰ ਦੀ ਵਰਤੋਂ ਕੀਤੀ ਜਾਂਦੀ ਹੈ ?

(ੳ) ਸੋਲਰ ਕੁੱਕਰ (ਅ) ਸੋਲਰ ਡਰਾਇਅਰ (ੲ) ਸੋਲਰ ਲਾਲਟੈਣ (ਸ) ਸੋਲਰ ਵਾਟਰ ਪੰਪ **1**

(iv) ਪੰਜਾਬ ਵਿੱਚ ਖੁੰਬ ਦੀ ਕਿਹੜੀ ਕਿਸਮ ਸਭ ਤੋਂ ਵੱਧ ਉਗਾਈ ਜਾਂਦੀ ਹੈ ?

(ੳ) ਬਟਨ (ਅ) ਢੀਂਗਰੀ (ੲ) ਸ਼ਿਟਾਕੀ (ਸ) ਮਿਲਕੀ **1**

(v) ਪੰਜਾਬ ਵਿੱਚ ਕਿੰਨੇ ਪ੍ਰਤੀਸ਼ਤ ਰਕਬਾ ਸਿੰਚਾਈ ਅਧੀਨ ਹੈ ?

(ੳ) 15% (ਅ) 25% (ੲ) 45% (ਸ) 98% **1**

(vi) ਜੈਵਿਕ ਖੇਤੀ ਵਿੱਚ ਕਿਸ ਤਰ੍ਹਾਂ ਦੀਆਂ ਫ਼ਸਲਾਂ ਨੂੰ ਅੰਤਰ ਫ਼ਸਲਾਂ ਵਜੋਂ ਬੀਜਿਆ ਜਾਂਦਾ ਹੈ ?

(ੳ) ਫ਼ਲੀਦਾਰ (ਅ) ਤੇਲ-ਬੀਜ (ੲ) ਅਨਾਜ (ਸ) ਰੇਸ਼ੇਦਾਰ **1**

(vii) ਫ਼ਲਾਂ ਅਤੇ ਸਬਜ਼ੀਆਂ ਦੀ ਦਰਜਾਬੰਦੀ ਕਿਸ ਅਧਾਰ 'ਤੇ ਕੀਤੀ ਜਾਂਦੀ ਹੈ ?

(ੳ) ਅਕਾਰ (ਅ) ਭਾਰ (ੲ) ਰੰਗ (ਸ) ਇਹ ਸਾਰੇ **1**

**1 ਅੰਕ × 7 = 7 ਅੰਕ**

**2. ਬਰੈਕਟ ਵਿੱਚ ਦਿੱਤੇ ਗਏ ਸ਼ਬਦਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂ ਭਰੋ :**

(i) ਝੋਨਾ ਬੀਜਣ ਲਈ ................ ਜ਼ਮੀਨ ਚੰਗੀ ਹੁੰਦੀ ਹੈ। (ਰੇਤਲੀ / ਚੀਕਣੀ) **1**

(ii) ਇੱਕ ਹੈਕਟੇਅਰ ਵਿੱਚ ................ ਕਿੱਲੇ (ਏਕੜ) ਹੁੰਦੇ ਹਨ। (2.5 / 5) **1**

(iii) ਖੁੰਬਾਂ ਦੇ ਬੀਜ ਨੂੰ ................ ਕਿਹਾ ਜਾਂਦਾ ਹੈ। (ਲਾਰਵਾ / ਸਪਾਨ) **1**

(iv) ਪੰਜਾਬ ਵਿੱਚ .................. ਮਧੂ ਮੱਖੀ ਪਾਲੀ ਜਾਂਦੀ ਹੈ। (ਡੂੰਮਣਾ / ਇਟਾਲਿਅਨ) **1**

(v) ਰਾਈਜ਼ੋਬੀਅਮ ਬੈਕਟੀਰੀਆ ਹਵਾ ਵਿਚਲੀ ............. ਨੂੰ ਪੌਦੇ ਦੀਆਂ ਜੜ੍ਹਾਂ ਵਿੱਚ ਜਮ੍ਹਾਂ ਕਰਨ ਦਾ ਕੰਮ ਕਰਦਾ ਹੈ।

(ਨਾਈਟਰੋਜਨ / ਫਾਸਫੋਰਸ) **1**

(vi) ਟਰੈਕਟਰ ਨੂੰ ਹਮੇਸ਼ਾਂ ............ ਗਿਅਰ ਵਿੱਚ ਖੜ੍ਹਾ ਕਰਨਾ ਚਾਹੀਦਾ ਹੈ । (ਚੌਥੇ / ਨਿਊਟਰਲ) 1

(vii) ਪੰਜਾਬ ਵਿੱਚ ਸਭ ਤੋਂ ਵੱਧ ਉਗਾਇਆ ਜਾਣ ਵਾਲਾ ਫ਼ਲ ................... ਹੈ । (ਸੇਬ / ਕਿੰਨੂ) 1

**1 ਅੰਕ × 7 = 7 ਅੰਕ**

**3. ਸਹੀ ਜਾਂ ਗ਼ਲਤ ਕਥਨਾਂ ਦੀ ਚੋਣ ਕਰੋ :**

(i) ਖ਼ਾਰੀਆਂ ਜ਼ਮੀਨਾਂ ਨੂੰ ਸੁਧਾਰਨ ਲਈ ਜਿਪਸਮ ਵਰਤਿਆ ਜਾਂਦਾ ਹੈ । 1

(ii) ਝਗੜੇ ਵਾਲੀ ਜ਼ਮੀਨ ਦੀ ਗਿਰਦਾਵਰੀ ਦਰੁਸਤੀ ਡਾਕਟਰ ਕਰਦਾ ਹੈ । 1

(iii) ਸੋਲਰ ਲਾਲਟੈਣ ਨੂੰ ਭੋਜਨ ਪਕਾਉਣ ਲਈ ਵਰਤਿਆ ਜਾਂਦਾ ਹੈ । 1

(iv) ਸ਼ਹਿਦ ਦੀ ਮੱਖੀ ਦੇ ਤਿੰਨ ਜੋੜੀਆਂ ਲੱਤਾਂ ਹੁੰਦੀਆਂ ਹਨ । 1

(v) ਭਾਰਤ ਤੇਲ-ਬੀਜ ਫ਼ਸਲਾਂ ਨੂੰ ਵਿਦੇਸ਼ਾਂ ਤੋਂ ਮੰਗਵਾਉਂਦਾ ਹੈ । 1

(vi) ਜੈਵਿਕ ਖੇਤੀ ਵਿੱਚ ਰੂੜੀ ਦੀ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਹੈ । 1

**1 ਅੰਕ × 6 = 6 ਅੰਕ**

## ਭਾਗ - II

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 1-2 ਵਾਕਾਂ ਵਿੱਚ ਦਿਓ :**

**4.** ਮੈਰਾ ਭੂਮੀ ਦੇ ਕੋਈ ਦੋ ਗੁਣ ਲਿਖੋ । 2

**5.** ਬੀਜ ਰਾਹੀਂ ਤਿਆਰ ਕੀਤੇ ਜਾਣ ਵਾਲੇ ਕਿਸੇ ਦੋ ਫ਼ਲਦਾਰ ਪੌਦਿਆਂ ਦੇ ਨਾਂ ਲਿਖੋ । 2

**6.** ਸੂਰਜੀ ਊਰਜਾ ਨਾਲ਼ ਚੱਲਣ ਵਾਲੇ ਕਿਸੇ ਦੋ ਯੰਤਰਾਂ ਦੇ ਨਾਂ ਲਿਖੋ । 2

**7.** ਖੁੰਬਾਂ ਕਿਹੜੇ ਦੋ ਰੋਗਾਂ ਨਾਲ਼ ਦੁਖੀ ਲੋਕਾਂ ਲਈ ਲਾਭਦਾਇਕ ਹਨ ? 2

**8.** ਹਰੇ ਚਾਰੇ ਤੇ ਅਧਾਰਿਤ ਕਿਸੇ ਦੋ ਫ਼ਸਲੀ ਚੱਕਰਾਂ ਦੇ ਨਾਂ ਲਿਖੋ । 2

**9.** ਟਰੈਕਟਰ ਨਾਲ਼ ਚੱਲਣ ਵਾਲੀਆਂ ਕਿਸੇ ਦੋ ਖੇਤੀ ਮਸ਼ੀਨਾਂ ਦੇ ਨਾਂ ਲਿਖੋ । 2

**10.** ਕਿਸੇ ਦੋ ਫ਼ਲਾਂ ਦੇ ਨਾਂ ਲਿਖੋ ਜਿਨ੍ਹਾਂ ਉੱਤੇ ਮੋਮ ਦੀ ਤਹਿ ਚੜ੍ਹਾਈ ਜਾਂਦੀ ਹੈ । 2

**2 ਅੰਕ × 7 = 14 ਅੰਕ**

## ਭਾਗ - III

**ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 4-5 ਵਾਕਾਂ ਵਿੱਚ ਦਿਓ :**

**11.** ਸੇਮ ਵਾਲੀ ਜ਼ਮੀਨ ਨੂੰ ਸੁਧਾਰਨ ਦੇ ਕੋਈ ਚਾਰ ਤਰੀਕੇ ਲਿਖੋ । 4

ਜਾਂ

ਪਨੀਰੀ ਤਿਆਰ ਕਰਨ ਲਈ ਜ਼ਮੀਨ ਦੀ ਚੋਣ ਕਰਦੇ ਸਮੇਂ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ । 4

**12.** ਸ਼ਹਿਦ ਦੀਆਂ ਮੱਖੀਆਂ ਖ਼ਰੀਦਣ ਵੇਲੇ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? 4

ਜਾਂ

ਖੁੰਬਾਂ ਦੇ ਮੰਡੀਕਰਨ ਬਾਰੇ ਤੁਸੀਂ ਕੀ ਜਾਣਦੇ ਹੋ ? 4

**13.** ਸੰਯੁਕਤ ਫ਼ਸਲ ਪ੍ਰਣਾਲੀ ਵਿੱਚ ਕਿਸਾਨਾਂ ਵੱਲੋਂ ਅਪਣਾਏ ਜਾ ਸਕਣ ਵਾਲੇ ਕੋਈ ਚਾਰ ਖੇਤੀ ਅਧਾਰਿਤ ਸਹਾਇਕ ਧੰਦਿਆਂ ਦੇ ਨਾਂ ਲਿਖੋ। **4**

ਜਾਂ

ਜੈਵਿਕ ਖੇਤੀ ਦੇ ਕੋਈ ਚਾਰ ਲਾਭ ਲਿਖੋ। **4**

**14.** ਔਲੇ ਦਾ ਅਚਾਰ ਕਿਵੇਂ ਤਿਆਰ ਕੀਤਾ ਜਾਂਦਾ ਹੈ ? **4**

ਜਾਂ

ਫ਼ਲਾਂ ਅਤੇ ਸਬਜ਼ੀਆਂ ਦੀ ਢੋਆ-ਢੁਆਈ ਦੌਰਾਨ ਧਿਆਨ ਰੱਖਣ ਯੋਗ ਕੋਈ ਚਾਰ ਗੱਲਾਂ ਲਿਖੋ। **4**

**4 ਅੰਕ × 4 = 16 ਅੰਕ**